*“ਈ ਐੱਸ ਐੱਲ ਸੇਵਾਵਾਂ ਦਾ ਮੰਤਵ, ਬੌਧਿਕ ਤੌਰ `ਤੇ ਅਤੇ ਨਾਗਰਿਕਾਂ ਦੇ ਤੌਰ `ਤੇ ਵਿਕਸਤ ਹੋਣ ਲਈ ਅੰਗਰੇਜ਼ੀ ਵਿਚ ਮਾਹਰ ਬਣਨ ਵਿਚ ਵਿਦਿਆਰਥੀਆਂ ਦੀ ਮਦਦ ਕਰਨਾ ਹੈ, ਅਤੇ ਸੂਬਾਈ ਪਾਠਕ੍ਰਮ ਦੀ ਪੜ੍ਹਾਈ ਤੋਂ ਉਮੀਦ ਰੱਖੇ ਜਾਂਦੇ ਨਤੀਜੇ ਪ੍ਰਾਪਤ ਕਰਨਾ ਹੈ।``*

*ਬੀ ਸੀ ਦਾ ਵਿਦਿਆ ਮਹਿਕਮਾ*



**“ Helping Your Child Acquire English Language Skills, Part 1”**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ  ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਅੰਗਰੇਜ਼ੀ ਜ਼ਬਾਨ ਦੇ ਹੁਨਰ ਗ੍ਰਹਿਣ ਕਰਨ ਵਿਚ ਆਪਣੇ ਬੱਚੇ ਦੀ ਮਦਦ ਕਰਨਾ



## ਹਿੱਸਾ 1

*ਨਵੇਂ ਦੇਸ਼ ਆਉਣਾ ਅਤੇ ਨਵੀਂ ਜ਼ਬਾਨ ਸਿੱਖਣਾ ਇਕ ਚੁਣੌਤੀ ਹੈ। ਮਾਪਿਆਂ ਅਤੇ ਪਰਿਵਾਰ ਦੇ ਮੈਂਬਰਾਂ ਅਤੇ ਇਸ ਦੇ ਨਾਲ ਨਾਲ ਟੀਚਰਾਂ ਤੋਂ ਮਿਲਦੀ ਮਦਦ, ਉਤਸ਼ਾਹ, ਅਤੇ ਸਮਝ ਦਾ ਵਿਦਿਆਰਥੀਆਂ ਨੂੰ ਫਾਇਦਾ ਹੁੰਦਾ ਹੈ।*

## ਨਵੀਂ ਜ਼ਬਾਨ ਸਿੱਖਣਾ

ਹਰ ਬੱਚਾ ਕੋਈ ਨਵੀਂ ਜ਼ਬਾਨ ਆਪਣੀ ਰਫਤਾਰ ਨਾਲ ਸਿੱਖਦਾ ਹੈ। ਇਸ ਦਾ ਤੁਹਾਡੇ ਬੱਚੇ ਨੂੰ ਫਾਇਦਾ ਹੋਵੇਗਾ ਜੇ ਤੁਸੀਂ ਸਮਝਦੇ ਹੋ ਕਿ:

- ਕੋਈ ਨਵੀਂ ਜ਼ਬਾਨ ਸਿੱਖਣਾ ਬਹੁਤ ਔਖਾ ਕੰਮ ਅਤੇ ਥਕਾਉਣ ਵਾਲਾ ਹੁੰਦਾ ਹੈ।
- ਸੁਣਨਾ, ਬੋਲਣਾ, ਪੜ੍ਹਣਾ ਅਤੇ ਲਿਖਣਾ ਇੱਕੋ ਰਫਤਾਰ ਨਾਲ ਨਹੀਂ ਆਉਂਦੇ। ਸੁਣਨ ਅਤੇ ਬੋਲਣ ਦੇ ਹੁਨਰ ਅਕਸਰ ਪੜ੍ਹਣ ਅਤੇ ਲਿਖਣ ਦੇ ਹੁਨਰਾਂ ਤੋਂ ਪਹਿਲਾਂ ਆ ਜਾਂਦੇ ਹਨ।
- ਸਮਾਜਿਕ ਜ਼ਬਾਨ (ਹਰ ਰੋਜ਼ ਦੀ ਆਹਮੋ ਸਾਹਮਣੇ ਦੀ ਗੱਲਬਾਤ) ਅਕਾਦਮਿਕ ਜ਼ਬਾਨ ਨਾਲੋਂ ਜ਼ਿਆਦਾ ਛੇਤੀ ਸਿੱਖ ਹੋ ਜਾਂਦੀ ਹੈ।
- ਅਕਾਦਮਿਕ ਜ਼ਬਾਨ (ਕਿਤਾਬਾਂ ਦੀ ਜ਼ਬਾਨ) ਪੂਰੀ ਤਰ੍ਹਾਂ ਵਿਕਸਤ ਕਰਨ ਨੂੰ ਥੋੜ੍ਹਾ ਲੰਮਾ ਸਮਾਂ ਲੱਗਦਾ ਹੈ। ਇਹ ਆਉਣ ਨੂੰ 10 ਸਾਲ ਤੱਕ ਲੱਗ ਸਕਦੇ ਹਨ।
- ਕੋਈ ਨਵੀਂ ਜ਼ਬਾਨ ਸਿੱਖਣ ਵੇਲੇ ਖਮੋਸ਼ ਸਮਾਂ ਬਹੁਤ ਆਮ ਹੈ ਪਰ ਸਿਖਾਂਦਰੂ ਅਜੇ ਵੀ ਸਮਝ ਰਹੇ ਹੁੰਦੇ ਹਨ ਅਤੇ ਆਪਣੇ ਆਲੇ ਦੁਆਲੇ ਦੀ ਜ਼ਬਾਨ ਨੂੰ ਦਿਮਾਗ ਵਿਚ ਪਾ ਰਹੇ ਹੁੰਦੇ ਹਨ।
- ਵਿਦਿਆਰਥੀ ਨਵੀਂ ਜ਼ਬਾਨ ਨੂੰ ਪਹਿਲਾਂ ਪਹਿਲਾਂ ਛੇਤੀ ਸਿੱਖਦੇ ਹਨ, ਫਿਰ ਇਕ ਅਜਿਹੇ ਪੜਾ `ਤੇ ਪਹੁੰਚਦੇ ਹਨ ਜਿੱਥੇ ਲੱਗਦਾ ਹੈ ਕਿ ਬਹੁਤ ਘੱਟ ਤਰੱਕੀ ਹੋ ਰਹੀ ਹੈ। ਨਵੀਂ ਜ਼ਬਾਨ ਸਿੱਖਣ ਦਾ ਇਹ ਇਕ ਆਮ ਹਿੱਸਾ ਹੈ।

*ਖੋਜ ਇਹ ਦਿਖਾਉਂਦੀ ਹੈ ਕਿ ਜਿੰਨਾ ਜ਼ਿਆਦਾ ਸਿਖਾਂਦਰੂ ਆਪਣੇ ਅੰਗਰੇਜ਼ੀ ਦੇ ਹੁਨਰਾਂ ਦਾ ਅਭਿਆਸ ਕਰਦੇ ਹਨ, ਓਨੀ ਛੇਤੀ ਹੀ ਉਹ ਸਮਾਜਿਕ ਅਤੇ ਅਕਾਦਮਿਕ ਜ਼ਬਾਨ ਵਰਤਣ ਦੇ ਸਮਰੱਥ ਹੋ ਜਾਂਦੇ ਹਨ।*

## ਮੈਂ ਕੀ ਕਰ ਸਕਦਾ/ਸਕਦੀ ਹਾਂ?

ਤੁਸੀਂ ਇਹ ਕਰਕੇ ਮਦਦ ਕਰ ਸਕਦੇ ਹੋ:

- ਧੀਰਜ ਰੱਖ ਕੇ।
- ਇਹ ਸਮਝ ਕੇ ਕਿ ਕੋਈ ਨਵੀਂ ਜ਼ਬਾਨ ਸਿੱਖਣ ਲਈ ਸਮੇਂ ਅਤੇ ਅਭਿਆਸ ਦੀ ਲੋੜ ਹੁੰਦੀ ਹੈ।
- ਆਪਣੇ ਬੱਚੇ ਨੂੰ ਇਹ ਦਿਖਾ ਕੇ ਕਿ ਤੁਹਾਡੇ ਖਿਆਲ ਮੁਤਾਬਕ ਅੰਗਰੇਜ਼ੀ ਸਿੱਖਣਾ ਮਹੱਤਵਪੂਰਨ ਹੈ।
- ਦਿਲਚਸਪੀ ਲੈ ਕੇ ਅਤੇ ਇਸ ਚੀਜ਼ ਬਾਰੇ ਆਪਣੇ ਬੱਚੇ ਨਾਲ ਗੱਲ ਕਰਕੇ ਕਿ ਉਹ ਸਕੂਲ, ਕਲੱਬਾਂ ਅਤੇ ਹੋਰ ਸਰਗਰਮੀਆਂ ਵਿਚ ਕੀ ਸਿੱਖ ਅਤੇ ਕਰ ਰਹੇ ਹਨ।
- ਇਸ ਚੀਜ਼ ਬਾਰੇ ਆਪਣੇ ਬੱਚੇ ਨਾਲ ਗੱਲ ਕਰਕੇ ਕਿ ਉਹ ਸਕੂਲ ਵਿਚ ਕਿਵੇਂ ਮਹਿਸੂਸ ਕਰ ਰਹੇ ਹਨ।
- ਆਪਣੇ ਬੱਚੇ ਨੂੰ ਯਕੀਨ ਦਿਵਾ ਕੇ ਕਿ ਅੰਗਰੇਜ਼ੀ ਚੰਗੀ ਤਰ੍ਹਾਂ ਸਿੱਖਣ ਲਈ ਸਮਾਂ ਲੱਗਦਾ ਹੈ।

*ਘਰ ਦੀ ਜ਼ਬਾਨ ਦੇ ਵਧੀਆ ਹੁਨਰ ਅੰਗਰੇਜ਼ੀ ਦੇ ਵਧੀਆ ਹੁਨਰ ਉਸਾਰਨ ਵਿਚ ਮਦਦ ਕਰਦੇ ਹਨ।*

## ਪੜ੍ਹਣ ਅਤੇ ਲਿਖਣ ਵਿਚ ਮਦਦ ਕਰਨਾ

ਆਪਣੇ ਬੱਚੇ ਦੀ ਅੰਗਰੇਜ਼ੀ ਪੜ੍ਹਣ ਅਤੇ ਲਿਖਣ ਦੇ ਹੁਨਰਾਂ ਵਿਚ ਖਾਸ ਤੌਰ `ਤੇ ਮਦਦ ਕਰਨ ਲਈ ਤੁਸੀਂ:

- ਇਹ ਦਿਖਾਉਣ ਲਈ ਪੜ੍ਹ ਸਕਦੇ ਹੋ ਕਿ ਤੁਸੀਂ ਪੜ੍ਹਣ ਦੀ ਕਦਰ ਕਰਦੇ ਹੋ।
- ਇਕ ਦੂਜੇ ਨੂੰ ਉੱਚੀ ਪੜ੍ਹ ਕੇ ਸੁਣਾ ਸਕਦੇ ਹੋ।
- ਨਾਵਲ ਕਹਾਣੀਆਂ ਅਤੇ ਵਾਰਤਕ ਵਾਲੀਆਂ ਦੋਨਾਂ ਕਿਸਮਾਂ ਦੀਆਂ ਕਿਤਾਬਾਂ ਪੜ੍ਹਣ ਲਈ ਉਤਸ਼ਾਹ ਦੇ ਸਕਦੇ ਹੋ। ਇਸ ਦੇ ਨਾਲ ਹੀ, ਬਹੁਤ ਸਾਰੀਆਂ ਲਾਇਬਰੇਰੀਆਂ ਕੋਲ ਅੰਗਰੇਜ਼ੀ ਤੋਂ ਬਿਨਾਂ ਹੋਰ ਜ਼ਬਾਨਾਂ ਵਿਚ ਪੜ੍ਹਣ ਲਈ ਸਾਮੱਗਰੀ ਵੀ ਹੁੰਦੀ ਹੈ। ਆਪਣੇ ਬੱਚੇ ਨੂੰ ਕਹੋ ਕਿ ਉਮਰ ਮੁਤਾਬਕ ਢੁਕਵੀਂਆਂ ਅਤੇ ਜ਼ਬਾਨ ਮੁਤਾਬਕ ਢੁਕਵੀਂਆਂ ਕਿਤਾਬਾਂ ਲੱਭਣ ਵਿਚ ਉਹ ਲਾਇਬਰੇਰੀਅਨ ਦੀ ਮਦਦ ਮੰਗੇ।
- ਲਾਇਬਰੇਰੀ ਦੇ ਖਾਸ ਪ੍ਰੋਗਰਾਮਾਂ ਬਾਰੇ ਜਾਣ ਸਕਦੇ ਹੋ ਜਿਵੇਂ ਕਿ:
  - ਬੁੱਕ ਟਾਕਸ;
  - ਗਰਮੀਆਂ ਦੇ ਕਿਤਾਬਾਂ ਪੜ੍ਹਣ ਦੇ ਪ੍ਰੋਗਰਾਮ;
  - ਡਰਾਮਾ ਗਰੁੱਪ;
  - ਹੋਮਵਰਕ ਕਲੱਬਾਂ;
  - ਟਿਊਸ਼ਨ ਦੇ ਪ੍ਰੋਗਰਾਮ;
  - ਇੰਟਰਨੈੱਟ ਪ੍ਰੋਗਰਾਮ, ਆਦਿ।
- ਡਾਇਰੀ ਲਿਖਣ ਲਈ ਆਪਣੇ ਬੱਚੇ ਨੂੰ ਉਤਸ਼ਾਹ ਦੇ ਸਕਦੇ ਹੋ।
- ਆਪਣੇ ਬੱਚੇ ਤੋਂ ਅੰਗਰੇਜ਼ੀ ਵਿਚ ਅਤੇ ਆਪਣੀ ਘਰ ਦੀ ਜ਼ਬਾਨ ਵਿਚ ਕਹਾਣੀਆਂ, ਕਵਿਤਾਵਾਂ, ਆਦਿ ਲਿਖਵਾ ਸਕਦੇ ਹੋ।
- ਆਪਣੇ ਬੱਚੇ ਤੋਂ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਲਿਖਵਾ ਸਕਦੇ ਹੋ।

*ਇਸ ਬਰੋਸ਼ਰ ਵਿਚ ਦੱਸੀਆਂ ਗਈਆਂ ਬਹੁਤੀਆਂ ਸਰਗਰਮੀਆਂ ਤੁਹਾਡੇ ਲਈ ਅਤੇ ਤੁਹਾਡੇ ਬੱਚੇ ਲਈ ਫਾਇਦੇਮੰਦ ਹੋਣਗੀਆਂ। ਰਲ ਕੇ ਅਭਿਆਸ ਕਰਨ ਨਾਲ ਤੁਸੀਂ ਅੰਗਰੇਜ਼ੀ ਦਾ ਬਿਹਤਰ ਗਿਆਨ ਹਾਸਲ ਕਰਨ ਵਿਚ ਆਪਣੇ ਬੱਚੇ ਦੀ ਮਦਦ ਕਰ ਸਕਦੇ ਹੋ ਅਤੇ ਤੁਸੀਂ ਦੋਨੋਂ ਆਪਣੀ ਨਵੀਂ ਜ਼ਬਾਨ ਦੀ ਵਰਤੋਂ ਕਰਨ ਵਿਚ ਜ਼ਿਆਦਾ ਆਰਾਮਦੇਹ ਮਹਿਸੂਸ ਕਰ ਸਕਦੇ ਹੋ।*


VSB

**"Helping Your Child Acquire English Language Skills, Part 2"**


[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

Canada | British Columbia | WelcomeBC

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।


# ਅੰਗਰੇਜ਼ੀ ਜ਼ਬਾਨ ਦੇ ਹੁਨਰ ਗ੍ਰਹਿਣ ਕਰਨ ਵਿਚ ਆਪਣੇ ਬੱਚੇ ਦੀ ਮਦਦ ਕਰਨਾ



## ਹਿੱਸਾ 2

*ਕਿਸੇ ਨਵੇਂ ਦੇਸ਼ ਨੂੰ ਮੂਵ ਹੋ ਕੇ ਜਾਣਾ ਬਾਲਗਾਂ ਅਤੇ ਬੱਚਿਆਂ ਦੋਨਾਂ ਲਈ ਚੁਣੌਤੀ ਪੈਦਾ ਕਰਦਾ ਹੈ। ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇਕ ਚੁਣੌਤੀ ਨਵੀਂ ਜ਼ਬਾਨ ਵਿਚ ਗੱਲਬਾਤ ਕਰਨਾ ਸਿੱਖਣਾ ਹੈ।*

*ਨਵੀਂ ਜ਼ਬਾਨ ਸਿੱਖਣ ਬਾਰੇ ਤੁਹਾਡੇ ਵਤੀਰੇ ਦਾ ਤੁਹਾਡੇ ਬੱਚੇ ਦੇ ਵਤੀਰੇ `ਤੇ ਵੱਡਾ ਅਸਰ ਪੈਂਦਾ ਹੈ।*

*ਜ਼ਬਾਨ ਸਿੱਖਣ ਬਾਰੇ ਆਪਣੇ ਵਤੀਰਿਆਂ ਅਤੇ ਗਿਆਨ ਤੋਂ ਇਲਾਵਾ, ਬਹੁਤ ਸਾਰੇ ਅਜਿਹੇ ਤਰੀਕੇ ਹਨ ਜਿਨ੍ਹਾਂ ਨਾਲ ਤੁਸੀਂ ਮਾਪਿਆਂ ਵਜੋਂ ਆਪਣੇ ਬੱਚੇ ਦੀ ਅਤੇ ਆਪਣੀ ਮਦਦ ਕਰ ਸਕਦੇ ਹੋ।*

*ਤੁਸੀਂ ਇਸ ਕਿਤਾਬਚੇ ਵਿਚ ਦੱਸੀਆਂ ਗਈਆਂ ਸਰਗਰਮੀਆਂ ਕਰਨ ਲਈ ਆਪਣੇ ਘਰ ਦੀ ਜ਼ਬਾਨ ਅਤੇ/ਜਾਂ ਅੰਗਰੇਜ਼ੀ ਦੀ ਵਰਤੋਂ ਕਰ ਸਕਦੇ ਹੋ।*

*ਹੋਰ ਬਰੋਸ਼ਰ ਵੀ ਦੇਖੋ, ‘‘**ਉਹ ਤਰੀਕੇ ਜਿਨ੍ਹਾਂ ਨਾਲ ਤੁਸੀਂ ਆਪਣੇ ਬੱਚੇ ਦੀ ਘਰ ਵਿਚ ਸਿੱਖਣ ਵਿਚ ਮਦਦ ਕਰ ਸਕਦੇ ਹੋ।**``*

## ਅੰਗਰੇਜ਼ੀ ਜ਼ਬਾਨ ਦੇ ਹੁਨਰ ਗ੍ਰਹਿਣ ਕਰਨ ਵਿਚ ਆਪਣੇ ਬੱਚੇ ਦੀ ਮਦਦ ਕਰਨਾ ਇਨ੍ਹਾਂ ਗੱਲਾਂ `ਤੇ ਨਿਰਭਰ ਕਰੇਗਾ:

ਤੁਹਾਡੇ ਬੱਚੇ ਦੀ ਉਮਰ;

- ਵੱਡੇ ਬੱਚਿਆਂ ਦੀਆਂ ਵੱਖਰੀਆਂ ਲੋੜਾਂ ਹੁੰਦੀਆਂ ਹਨ ਅਤੇ ਉਹ ਮਾਪਿਆਂ ਦੀ ਮਦਦ ਦਾ ਹੁੰਗਾਰਾ ਛੋਟੇ ਬੱਚਿਆਂ ਨਾਲੋਂ ਵੱਖਰੀ ਤਰ੍ਹਾਂ ਭਰਨਗੇ।

ਤੁਹਾਡੇ ਬੱਚੇ ਦੀ ਅੰਗਰੇਜ਼ੀ ਵਿਚ ਸਮਰੱਥਾ;

- ਜਿਹੜੇ ਅੰਗਰੇਜ਼ੀ ਸਿੱਖਣਾ ਸ਼ੁਰੂ ਕਰ ਰਹੇ ਹੁੰਦੇ ਹਨ ਉਨ੍ਹਾਂ ਨੂੰ ਅੰਗਰੇਜ਼ੀ ਦੇ ਪਹਿਲਾਂ ਹੀ ਕੁਝ ਹੁਨਰਾਂ ਵਾਲਿਆਂ ਨਾਲੋਂ ਵੱਖਰੀ ਕਿਸਮ ਦੀ ਮਦਦ ਦੀ ਲੋੜ ਹੁੰਦੀ ਹੈ।

ਘਰ ਦੀ ਜ਼ਬਾਨ ਵਿਚ ਤੁਹਾਡੇ ਬੱਚੇ ਦੇ ਪੜ੍ਹਣ ਅਤੇ ਲਿਖਣ ਦੇ ਹੁਨਰ;

- ਜਦੋਂ ਬੱਚਿਆਂ ਕੋਲ ਆਪਣੀ ਘਰ ਦੀ ਜ਼ਬਾਨ ਵਿਚ ਇਹ ਹੁਨਰ ਹੁੰਦੇ ਹਨ ਤਾਂ ਉਹ ਇਨ੍ਹਾਂ ਨੂੰ ਆਪਣੀ ਨਵੀਂ ਜ਼ਬਾਨ ਵਿਚ ਜ਼ਿਆਦਾ ਸੌਖ ਨਾਲ ਗ੍ਰਹਿਣ ਕਰ ਲੈਂਦੇ ਹਨ।

ਘਰ ਦੇ ਸਭਿਆਚਾਰ ਅਤੇ ਜ਼ਬਾਨ ਵੱਲ ਤੁਹਾਡੇ ਬੱਚੇ ਦਾ ਵਤੀਰਾ;

- ਜਦੋਂ ਉਨ੍ਹਾਂ ਦੀ ਘਰ ਦੀ ਜ਼ਬਾਨ ਦਾ ਮਹੱਤਵ ਸਮਝਿਆ ਜਾਂਦਾ ਹੈ ਤਾਂ ਨਵੀਂ ਜ਼ਬਾਨ ਸਿੱਖਣਾ ਡਰਾਉਣ ਵਾਲਾ ਨਹੀਂ ਹੁੰਦਾ।

## ਤੁਸੀਂ ਇਹ ਕਰਕੇ ਵੀ ਆਪਣੇ ਬੱਚੇ ਦੀ ਮਦਦ ਕਰ ਸਕਦੇ ਹੋ:

- ਇਹ ਦਿਖਾ ਕੇ ਕਿ ਤੁਸੀਂ ਸਿੱਖਣ ਦੀ ਕਦਰ ਕਰਦੇ ਹੋ।
- ਆਪ ਅੰਗਰੇਜ਼ੀ ਸਿੱਖ ਕੇ।
- ਧੀਰਜ ਰੱਖ ਕੇ।
- ਸਕੂਲ ਦੇ ਪ੍ਰੋਗਰਾਮਾਂ ਵਿਚ ਸ਼ਾਮਲ ਹੋ ਕੇ।
- ਆਪਣੇ ਨਵੇਂ ਦੇਸ਼ ਬਾਰੇ ਜ਼ਿਆਦਾ ਸਿੱਖਣ ਲਈ ਆਪਣੇ ਬੱਚੇ ਨੂੰ ਅਜਾਇਬ ਘਰਾਂ, ਇਤਿਹਾਸਕ ਸਥਾਨਾਂ ਅਤੇ ਸਭਿਚਾਰਕ ਪ੍ਰੋਗਰਾਮਾਂ ਲਈ ਟਰਿੱਪਾਂ `ਤੇ ਲਿਜਾ ਕੇ।

## ਸੁਣਨ ਅਤੇ ਬੋਲਣ ਵਿਚ ਮਦਦ ਕਰਨਾ

ਆਪਣੇ ਬੱਚੇ ਦੇ ਅੰਗਰੇਜ਼ੀ ਵਿਚ ਸੁਣਨ ਅਤੇ ਬੋਲਣ ਦੇ ਹੁਨਰਾਂ ਵਿਚ ਖਾਸ ਤੌਰ `ਤੇ ਮਦਦ ਕਰਨ ਲਈ ਤੁਸੀਂ:

- ਆਪਣੇ ਘਰ ਅਤੇ ਆਂਢ-ਗੁਆਂਢ ਦੁਆਲੇ ਆਮ ਚੀਜ਼ਾਂ ਦੇ ਨਾਂ ਸਿੱਖਣ ਵਿਚ ਉਨ੍ਹਾਂ ਦੀ ਮਦਦ ਕਰ ਸਕਦੇ ਹੋ।
- ਤੁਰਨ ਲਈ ਜਾ ਸਕਦੇ ਹੋ ਅਤੇ ਸਟਰੀਟਾਂ ਦੇ ਸਾਈਨ, ਘਰਾਂ ਦੇ ਨੰਬਰ, ਸਟੋਰਾਂ ਦੇ ਨਾਂ ਆਦਿ ਪੜ੍ਹਣ ਦਾ ਅਭਿਆਸ ਕਰ ਸਕਦੇ ਹੋ।
- ਅੰਗਰੇਜ਼ੀ ਵਿਚ ਬਲਾਉਣ ਦੇ ਆਮ ਸ਼ਬਦ ਵਰਤਣ ਦਾ ਅਭਿਆਸ ਕਰ ਸਕਦੇ ਹੋ।
- ਉਨ੍ਹਾਂ ਨਾਲ ਇਹ ਗੱਲ ਕਰ ਸਕਦੇ ਹੋ ਕਿ ਉਹ ਕੀ ਸਿੱਖ ਰਹੇ ਹਨ।
- ਲਾਇਬਰੇਰੀ ਤੋਂ ਲੈ ਕੇ ਟੇਪ ਹੋਈਆਂ ਕਿਤਾਬਾਂ ਅਤੇ ਸੀ ਡੀਆਂ ਦੇ ਸਕਦੇ ਹੋ ਤਾਂ ਜੋ ਉਹ ਅੰਗਰੇਜ਼ੀ ਵਿਚ ਕਹਾਣੀਆਂ ਸੁਣ ਸਕਣ। ਰਿਕਾਰਡ ਹੋਈਆਂ ਕਿਤਾਬਾਂ ਵਿਚ ਨਾਵਲ ਕਹਾਣੀਆਂ ਅਤੇ ਵਾਰਤਕ ਦੀਆਂ ਕਿਤਾਬਾਂ ਸ਼ਾਮਲ ਹੋ ਸਕਦੀਆਂ ਹਨ ਅਤੇ ਇਸ ਦੇ ਔਖਿਆਈ ਦੇ ਵੱਖੋ ਵੱਖਰੇ ਪੱਧਰ ਹੋ ਸਕਦੇ ਹਨ।
- ਸਕੂਲ ਵਿਚ ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਨੂੰ ਉਤਸ਼ਾਹ ਦੇ ਸਕਦੇ ਹੋ।
- ਕਮਿਉਨਟੀ ਸੈਂਟਰਾਂ, ਯੂਥ ਕਲੱਬਾਂ ਅਤੇ ਹੋਰ ਸਮਾਜਿਕ ਸੰਸਥਾਵਾਂ ਵਲੋਂ ਦਿੱਤੀਆਂ ਜਾਂਦੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਨੂੰ ਉਤਸ਼ਾਹ ਦੇ ਸਕਦੇ ਹੋ।

*ਬਹੁਤੇ ਸਾਰੇ ਫਾਇਦੇਮੰਦ ਇੰਟਰਨੈੱਟ ਸਾਈਟਾਂ ਵੀ ਹਨ ਜਿਹੜੀਆਂ ਅੰਗਰੇਜ਼ੀ ਸਿੱਖਣ ਵਿਚ ਮਦਦ ਕਰਨਗੀਆਂ। ਇਹ ਸਾਈਟਾਂ ਅੰਗਰੇਜ਼ੀ ਦਾ ਅਭਿਆਸ ਕਰਨ ਅਤੇ ਸ਼ਬਦਾਵਲੀ ਵਧਾਉਣ ਲਈ ਕਈ ਤਰ੍ਹਾਂ ਮਦਦ ਕਰਦੀਆਂ ਹਨ।*

*ਸਭ ਤੋਂ ਵਧੀਆ ਸਾਈਟਾਂ ਲੱਭਣ ਵਿਚ ਤੁਹਾਡੇ ਬੱਚੇ ਦਾ ਟੀਚਰ ਜਾਂ ਸਕੂਲ ਲਾਇਬਰੇਰੀਅਨ ਤੁਹਾਡੀ ਮਦਦ ਕਰਨ ਦੇ ਯੋਗ ਹੋਣਗੇ।*

